# Punjab Government Gazette

*Published by Authority*

No. 37]      CHANDIGARH, FRIDAY, SEPTEMBER 11, 2026 (BHADRA 20, 1948 SAKA)

## PART I

**Punjab Government Notifications and Orders**

ਰਾਜ ਚੋਣ ਕਮਿਸ਼ਨ, ਪੰਜਾਬ

**STATE ELECTION COMMISSION, PUNJAB**

: secpb@punjab.gov.in
https://sec.punjab.gov.in

ਐਸ.ਸੀ.ਓ: ,49ਸੈਕਟਰ 17-ਈ ,ਚੰਡੀਗੜ੍ਹ, 160017.
: 0172- 2771226, 2710162.

**NOTIFICATION**

The 10th September, 2026

**No. SEC/SAP/ET/2026/1084**.- In pursuance of the provisions of Section 93 of the Punjab State Election Commission Act, 1994, the State Election Commission hereby notifies the order of the Election Tribunal, Moga, Distt. Moga for general information.

ਬਾ: ਅਦਾਲਤ ਸ੍ਰੀ ਸਤਵਿੰਦਰ ਪਾਲ ਰਣੀਕੇ, ਪੀ.ਸੀ.ਐਸ., ਉਪ ਮੰਡਲ ਮੈਜਿਸਟਰੇਟ -ਕਮ-ਪ੍ਰਜ਼ਾਈਡਿੰਗ ਅਫਸਰ, ਇਲੈਕਸ਼ਨ ਟ੍ਰਿਬਿਊਨਲ, ਮੋਗਾ।

ਕੇਸ ਨੰਬਰ: 04/ਇਲੈ:ਪਟੀਸ਼ਨ
ਰਜੂਆ : 26-11-2024
ਫੈਸਲਾ : 01-09-2026
ਪਿੰਡ : ਮੱਲੀਆਂ ਵਾਲਾ

ਨਛੱਤਰ ਸਿੰਘ ਪੁੱਤਰ ਗੁਰਦਾਸ ਸਿੰਘ ਵਾਸੀ ਪਿੰਡ ਮੱਲੀਆਂ ਵਾਲਾ ਤਹਿਸੀਲ ਤੇ ਜਿਲਾ ਮੋਗਾ ਅਧਾਰ ਕਾਰਡ ਨੰਬਰ 5119 9957 7463.

.........ਪਟੀਸ਼ਨਰ

ਬਨਾਮ

1. ਸੁਖਵੀਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਪਿੰਡ ਮੱਲੀਆਂ ਵਾਲਾ ਤਹਿਸੀਲ ਤੇ ਜਿਲਾ ਮੋਗਾ।
2. ਕੁਲਦੀਪ ਸਿੰਘ ਵਰ੍ਹੇ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਮੱਲੀਆਂ ਵਾਲਾ ਤਹਿਸੀਲ ਤੇ ਜਿਲਾ ਮੋਗਾ।
3. ਗ੍ਰਾਮ ਪੰਚਾਇਤ ਮੱਲੀਆਂ ਵਾਲਾ ਜਿਲਾ ਮੋਗਾ ਰਾਹੀਂ ਸੈਕਟਰੀ
4. ਰਿਟਰਨਿੰਗ ਅਫਸਰ, ਲਖਵਿੰਦਰ ਸਿੰਘ ਗਿੱਲ, ਤਹਿਸੀਲਦਾਰ, ਮੋਗਾ
5. ਸਹਾਇਕ ਰਿਟਰਨਿੰਗ ਅਫਸਰ, ਸ਼ਮਸ਼ੇਰ ਸਿਘ, ਜੇ.ਈ, ਪੀ.ਡਬਲਯੂ.ਡੀ., ਮੋਗਾ
6. ਪ੍ਰਜ਼ਾਈਡਿੰਗ ਅਫਸਰ, ਮਨਦੀਪ ਸਿੰਘ ਮਿਸਟ੍ਰੈਸ ਐਜੂਕੇਸ਼ਨ ਸੈਕੰਡਰੀ, ਸਰਕਾਰੀ ਸੀਨੀ:ਸੈਕੰਡਰੀ, ਸਕੂਲ, ਦੌਧਰ ਪਾਰਟੀ ਨੰਬਰ 105 ਬੂਥ ਨੰਬਰ 84
7. ਸਹਾਇਕ ਪ੍ਰਜ਼ਾਈਡਿੰਗ ਅਫਸਰ, ਬਲਵਿੰਦਰ ਕੌਰ ਮਿਸਟ੍ਰੈਸ ਐਜੂਕੇਸ਼ਨ ਸੈਕੰਡਰੀ, ਸਰਕਾਰੀ ਸੀਨੀ:ਸੈਕੰਡਰੀ, ਸਕੂਲ, ਬੁੱਟਰ ਲੜਕੀਆਂ ਪਾਰਟੀ ਨੰਬਰ 105 ਬੂਥ ਨੰਬਰ 84
8. ਪ੍ਰਜ਼ਾਈਡਿੰਗ ਅਫਸਰ, ਮਨਜੀਤ ਸਿੰਘ ਮਿਸਟ੍ਰੈਸ ਐਜੂਕੇਸ਼ਨ ਸੈਕੰਡਰੀ, ਸਰਕਾਰੀ ਸੀਨੀ:ਸੈਕੰਡਰੀ, ਸਕੂਲ, ਤਖਾਣਵੱਧ ਲੜਕੇ ਪਾਰਟੀ ਨੰਬਰ 106 ਬੂਥ ਨੰਬਰ 85
9.ਸਹਾਇਕ ਪ੍ਰਜ਼ਾਈਡਿੰਗ ਅਫਸਰ, ਸੁਰਜੀਤ ਕੌਰ ਮਿਸਟ੍ਰੈਸ ਐਜੂਕੇਸ਼ਨ ਸੈਕੰਡਰੀ, ਸਰਕਾਰੀ ਸੀਨੀ:ਸੈਕੰਡਰੀ, ਸਕੂਲ, ਮੋਗਾ ਲੜਕੀਆਂ ਪਾਰਟੀ ਨੰਬਰ 106 ਬੂਥ ਨੰਬਰ 84

...........ਰਸਪਾਡੈਂਟਸ

ਇਲੈਕਸ਼ਨ ਪਟੀਸ਼ਨ ਅੰਡਰ ਸੈਕਸ਼ਨ 74, ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਅਤੇ ਪੰਜਾਬ ਪੰਚਾਇਤੀ ਰੂਲ 1994 ਅਧੀਨ ਦਾਇਰ ਕਰਦੇ ਹੋਏ ਪਟੀਸ਼ਨਰ ਨੇ ਮੰਗ ਕੀਤੀ ਕਿ ਸਰਪੰਚ ਗ੍ਰਾਮ ਪੰਚਾਇਤ ਚੋਣਾਂ ਮਿਤੀ 15-10-2024 ਦੀ ਚੋਣ ਦੌਰਾਨ ਪੋਲ ਹੋਈਆਂ ਪਿੰਡ ਮੱਲੀਆ ਵਾਲਾ ਦੀਆਂ ਵੋਟਾਂ ਦੀ ਗਿਣਤੀ ਦੁਬਾਰਾ ਕੀਤੀ ਜਾਵੇ।

=======

ਹਾਜ਼ਰ: 1. ਸ੍ਰੀ ਅਮਰਦੀਪ ਸਿੰਘ ਐਡਵੋਕੇਟ ਵਲੋਂ ਪਟੀਸ਼ਨਰ ਧਿਰ
2. ਸ੍ਰੀ ਰਜਨੀਸ਼ ਗੋਇਲ ਐਡਵੋਕੇਟ ਵਲੋਂ ਉਤਰਵਾਦੀ ਧਿਰ

ਹੁਕਮ:

ਇਸ ਕੇਸ ਦੇ ਸੰਖੇਪ ਹਾਲਾਤ ਇਸ ਪ੍ਰਕਾਰ ਹਨ ਕਿ ਪਟੀਸ਼ਨਰ ਨਛੱਤਰ ਸਿੰਘ ਵਲੋਂ ਆਪਣੇ ਵਕੀਲ ਰਾਹੀਂ ਗ੍ਰਾਮ ਪੰਚਾਇਤ ਚੋਣ-2024 ਦੌਰਾਨ ਪਿੰਡ ਮੱਲੀਆਂ ਵਾਲਾ ਦੀ ਹੋਈ ਚੋਣ ਦੌਰਾਨ ਮਿਤੀ 15-10-2024 ਨੂੰ ਹੋਈ ਵੋਟਾਂ ਦੀ ਗਿਣਤੀ ਦੀ ਦੁਬਾਰਾ ਰੀ-ਕਾਊਟਿੰਗ ਕਰਨ ਲਈ ਇਹ ਪਟੀਸ਼ਨ ਇਸ ਅਦਾਲਤ ਵਿੱਚ ਦਾਇਰ ਕੀਤੀ ਗਈ। ਨਿਯਮਾਂ ਅਨੁਸਾਰ ਉਤਰਵਾਦੀ ਧਿਰਾਂ ਨੂੰ ਤਲਬੀ ਨੋਟਿਸ ਜਾਰੀ ਕਰਦੇ ਹੋਏ ਆਪਣਾ ਪੱਖ ਪੇਸ਼ ਕਰਨ ਲਈ ਇਸ ਅਦਾਲਤ ਵਿੱਚ ਤਲਬ ਕੀਤਾ ਗਿਆ। ਉਤਰਵਾਦੀ ਨੰਬਰ 1 ਸੁਖਵੀਰ ਸਿੰਘ ਅਤੇ ਉਤਰਵਾਦੀ ਨੰਬਰ 2 ਕੁਲਦੀਪ ਸਿੰਘ ਤਰਫੋਂ ਸ੍ਰੀ ਰਜਨੀਸ਼ ਗੋਇਲ ਐਡਵੋਕੇਟ ਹਾਜ਼ਰ ਅਦਾਲਤ ਹੋਏ। ਪੋਲਿੰਗ ਅਤੇ ਕਾਊਟਿੰਗ ਸਟਾਫ ਖੁਦ ਹਾਜ਼ਰ ਆਇਆ। ਉਤਰਵਾਦੀ ਧਿਰ ਨੂੰ ਪਟੀਸ਼ਨ ਦਰਖਾਸਤ ਦੀ ਕਾਪੀ ਤਕਸੀਮ ਕੀਤੀ ਗਈ ਅਤੇ ਜੁਆਬ ਮੰਗੇ ਗਏ। ਉਤਰਵਾਦੀ ਧਿਰ ਵਲੋਂ ਆਪਣੇ ਆਪਣੇ ਲਿਖਤੀ ਜੁਆਬ ਅਦਾਲਤੀ ਫਾਈਲ ਤੇ ਰੱਖੇ ਗਏ। ਧਿਰਾਂ ਦੇ ਵਕੀਲਾਂ ਦੀ ਹਾਜ਼ਰੀ ਵਿੱਚ ਇਸ਼ੂ ਫਰੇਮ ਕੀਤੇ ਗਏ ਅਤੇ ਪਟੀਸ਼ਨਰ ਧਿਰ ਅਤੇ ਉਤਰਵਾਦੀ ਧਿਰ ਨੂੰ ਆਪਣੀ ਆਪਣੀ ਸ਼ਹਾਦਤ ਪੇਸ਼ ਕਰਨ ਦਾ ਮੌਕਾ ਦਿੱਤਾ ਗਿਆ। ਦੋਨਾਂ ਧਿਰਾਂ ਵਲੋਂ ਆਪਣੀ ਆਪਣੀ ਸ਼ਹਾਦਤ ਦੌਰਾਨ ਆਪਣੇ ਆਪਣੇ ਹੱਕ ਵਿੱਚ ਗਵਾਹ ਪੇਸ਼ ਕੀਤੇ ਅਤੇ ਦਸਤਾਵੇਜ਼ੀ ਸਬੂਤ ਅਦਾਲਤੀ ਫਾਈਲ ਤੇ ਪੇਸ਼ ਕੀਤੇ। ਪਟੀਸ਼ਨ ਤੇ ਚਲਦੀ ਸੁਣਵਾਈ ਦੌਰਾਨ

ਪ੍ਰੋਜ਼ਾਈਡਿੰਗ ਅਫਸਰ,
ਇਲੈਕਸ਼ਨ ਟ੍ਰਿਬਿਊਨਲ
(ਐਸ.ਡੀ.ਐਮ.) ਮੋਗਾ ।

ਉਤਰਵਾਦੀ ਨੰਬਰ1 ਸੁਖਵੀਰ ਸਿੰਘ (ਚੁਣੇ ਹੋਏ ਸਰਪੰਚ) ਵਲੋਂ ਮਿਤੀ 03-07-2026 ਨੂੰ ਹਾਜ਼ਰ ਅਦਾਲਤ ਆਕੇ ਆਪਣੇ ਵਕੀਲ ਸ੍ਰੀ ਰਜ਼ਨੀਸ਼ ਗੋਇਲ ਦੀ ਹਾਜ਼ਰੀ ਵਿੱਚ ਬਿਆਨ ਕਲਮਬੱਧ ਕਰਵਾਏ ਕਿ ਜੇਕਰ ਵੋਟਾਂ ਦੀ ਗਿਣਤੀ ਦੁਬਾਰਾ ਹੁੰਦੀ ਹੈ ਤਾਂ ਉਸਨੂੰ ਕੋਈ ਇਤਰਾਜ਼ ਨਹੀਂ ਹੋਵੇ। ਇਹ ਵੀ ਬਿਆਨ ਕੀਤਾ ਵੋਟਾਂ ਦੀ ਗਿਣਤੀ ਵੀਡੀਓ ਗ੍ਰਾਫੀ ਦੀ ਨਿਗਰਾਨੀ ਹੇਠ ਕਰਵਾਈ ਜਾਵੇ। ਉਤਰਵਾਦੀ ਸੁਖਵੀਰ ਸਿੰਘ ਵਲੋਂ ਦਿੱਤੀ ਗਈ ਸਹਿਮਤੀ ਦੇ ਮੱਦੇ ਨਜ਼ਰ ਇਸ ਅਦਾਲਤ ਵਲੋਂ ਹੁਕਮ ਮਿਤੀ 18-08-2026 ਰਾਹੀਂ ਵੋਟਾਂ ਦੀ ਦੁਬਾਰਾ ਗਿਣਤੀ ਵੀਡੀਓ ਕੈਮਰੇ ਦੀ ਨਿਗਰਾਨੀ ਹੇਠ ਕਰਨ ਸਬੰਧੀ ਡਿਟੇਲ ਹੁਕਮ ਪਾਸ ਕੀਤਾ ਗਿਆ, ਜਿਸ ਵਿੱਚ ਸਬੰਧਤ ਧਿਰਾਂ ਨੂੰ ਮਿਤੀ 01-09-2026 ਲਈ ਇਸ ਅਦਾਲਤ ਵਿੱਚ ਵੋਟਾਂ ਦੀ ਗਿਣਤੀ ਵਿੱਚ ਸ਼ਾਮਲ ਹੋਣ ਲਈ ਪਾਬੰਦ ਕੀਤਾ ਗਿਆ।

ਅੱਜ ਮਿਤੀ 01-09-2026 ਨੂੰ ਪਟੀਸ਼ਨਰ ਨਛੱਤਰ ਸਿੰਘ ਆਪਣੇ ਵਕੀਲ ਸ੍ਰੀ ਅਮਰਦੀਪ ਸਿੰਘ ਸਮੇਤ ਹਾਜ਼ਰ ਆਇਆ। ਉਤਰਵਾਦੀ ਨੰਬਰ 1. ਸੁਖਵੀਰ ਸਿੰਘ ਪੁੱਤਰ ਮਲਕੀਤ ਸਿੰਘ ਅਤੇ ਉਤਰਵਾਦੀ ਨੰਬਰ 2. ਕੁਲਦੀਪ ਸਿੰਘ ਪੁੱਤਰ ਗੁਰਦੇਵ ਸਿੰਘ ਆਪਣੇ ਵਕੀਲ ਸ੍ਰੀ ਰਜਨੀਸ਼ ਗੋਇਲ ਸਮੇਤ ਹਾਜ਼ਰ ਅਦਾਲਤ ਆਏ। ਪੰਚਾਇਤੀ ਚੋਣਾਂ ਮਿਤੀ 15-10-2024 ਸਮੇਂ ਇਸ ਚੋਣ ਪ੍ਰਕਿਰਿਆ ਦੀ ਡਿਊਟੀ ਦੇਣ ਵਾਲਾ ਸਟਾਫ ਸ੍ਰੀ ਮਨਦੀਪ ਸਿੰਘ ਪ੍ਰਜਾਈਡਿੰਗ ਅਫਸਰ, ਸ੍ਰੀਮਤੀ ਬਲਵਿੰਦਰ ਕੌਰ ਸਹਾਇਕ ਪ੍ਰਜ਼ਾਈਡਿੰਗ ਅਫਸਰ (ਪਾਰਟੀ ਨੰਬਰ 105 ਬੂਥ ਨੰਬਰ 84) ਅਤੇ ਸ੍ਰੀ ਮਨਜੀਤ ਸਿੰਘ ਪ੍ਰਜ਼ਾਈਡਿੰਗ ਅਫਸਰ ਅਤੇ ਸ੍ਰੀਮਤੀ ਸੁਰਜੀਤ ਕੌਰ ਸਹਾਇਕ ਪ੍ਰਜ਼ਾਈਡਿੰਗ ਅਫਸਰ (ਪਾਰਟੀ ਨੰਬਰ 106 ਬੂਥ ਨੰਬਰ 85) ਖੁਦ ਇਸ ਅਦਾਲਤ ਵਿੱਚ ਹਾਜ਼ਰ ਆਏ। ਸ੍ਰੀ ਸ਼ਮਸ਼ੇਰ ਸਿੰਘ ਸਹਾਇਕ ਰਿਟਰਨਿੰਗ ਅਫਸਰ, ਪੁਲਿਸ ਸਕਿਊਰਟੀ ਅਤੇ ਡਿਊਟੀ ਮੈਜਿਸਟਰੇਟ ਦੀ ਦੇਖ-ਰੇਖ ਹੇਠ ਵੀਡੀਓ ਕੈਮਰੇ ਦੀ ਨਿਗਰਾਨੀ ਵਿੱਚ ਪੰਚਾਇਤ ਚੋਣਾਂ ਪਿੰਡ ਮੱਲੀਆਂ ਵਾਲਾ ਦੀਆਂ ਵੋਟਾਂ ਨਾਲ ਸਬੰਧਤ ਰਿਕਾਰਡ (ਇਕ ਸੀਡਲ ਟਰੰਕ) ਜਿਲਾ ਖਜ਼ਾਨਾ ਦਫਤਰ ਮੋਗਾ ਪਾਸੋਂ ਲੈਕੇ ਹਾਜ਼ਰ ਆਏ। ਸਹਾਇਕ ਰਿਟਰਨਿੰਗ ਅਫਸਰ ਪਾਸੋਂ ਟਰੰਕ ਨੂੰ ਲੱਗੇ ਜਿੰਦਰੇ ਦੀਆਂ ਚਾਬੀਆਂ ਬਾਰੇ ਪੁਛਿਆ ਗਿਆ ਤਾਂ ਉਸ ਵਲੋਂ ਕਿਹਾ ਗਿਆ ਕਿ ਰਿਟਰਨਿੰਗ ਅਫਸਰ ਸ੍ਰੀ ਲਖਵਿੰਦਰ ਸਿੰਘ ਵਲੋਂ ਉਸਨੂੰ ਇਹ ਚਾਬੀਆਂ ਦਿੱਤੀਆਂ ਨਹੀਂ ਗਈਆਂ। ਸ੍ਰੀ ਲਖਵਿੰਦਰ ਸਿੰਘ ਗਿੱਲ ਰਿਟਰਨਿੰਗ ਅਫਸਰ ਸੇਵਾ ਮੁਕਤ ਹੋ ਗਏ ਹਨ ਅਤੇ ਟਰੰਕ ਦੀਆਂ ਚਾਬੀਆਂ ਮਿਲ ਨਹੀਂ ਰਹੀਆਂ। ਜਿਸ ਸਬੰਧੀ ਸਹਾਇਕ ਰਿਟਰਨਿੰਗ ਅਫਸਰ ਸ੍ਰੀ ਸ਼ਮਸ਼ੇਰ ਸਿੰਘ ਵਲੋਂ ਲਿਖਤੀ ਤੌਰ ਦਰਖਾਸਤ ਨਿਮਨ ਹਸਤਾਖਰ ਦੇ ਪੇਸ਼ ਕੀਤੀ ਗਿਆ। ਜਿਸ ਤੇ ਨਿਮਨ ਹਸਤਾਖਰ ਵਲੋਂ ਮੌਕੇ ਪਰ ਹੀ ਉਪ ਕਪਤਾਨ ਪੁਲਿਸ ਸਿਟੀ ਮੋਗਾ ਨੂੰ ਟਰੰਕ ਦੀਆਂ ਚਾਬੀਆਂ ਗੁੰਮ ਹੋਣ ਸਬੰਧੀ ਡੀ.ਡੀ.ਆਰ. ਦਰਜ ਕਰਨ ਲਈ ਦਰਖਾਸਤ ਮਾਰਕ ਕੀਤੀ ਗਈ। ਇਸ ਤੋਂ ਇਲਾਵਾ ਸ੍ਰੀ ਲਖਵਿੰਦਰ ਸਿੰਘ ਗਿੱਲ ਰਿਟਰਨਿੰਗ ਅਫਸਰ, ਹੁਣ (ਸੇਵਾ ਮੁਕਤ) ਅਤੇ ਸ੍ਰੀ ਸ਼ਮਸ਼ੇਰ ਸਿੰਘ ਸਹਾਇਕ ਰਿਟਰਨਿੰਗ ਅਫਸਰ ਨੂੰ ਸ਼ੋਅ ਕਾਜ ਨੋਟਿਸ ਜਾਰੀ ਕੀਤਾ ਗਿਆ ਕਿ ਟਰੰਕ ਦੀਆਂ ਚਾਬੀਆਂ ਪੇਸ਼ ਨਾ ਕਰਨ ਸਬੰਧੀ ਆਪਣਾ ਜੁਆਬ ਇਕ ਹਫਤੇ ਦੇ ਅੰਦਰ ਅੰਦਰ ਪੇਸ਼ ਕੀਤਾ ਜਾਵੇ। ਮੌਕੇ ਦੀ ਨਜ਼ਾਕਤ ਨੂੰ ਵੇਖਦੇ ਹੋਏ ਧਿਰਾਂ ਦੀ ਹਾਜ਼ਰੀ ਅਤੇ ਸਹਿਮਤੀ ਨਾਲ ਟਰੰਕ ਦੇ ਤਾਲੇ ਤੋੜਨ ਦਾ ਹੁਕਮ ਕੀਤਾ ਗਿਆ। ਟਰੰਕ ਦੇ ਤਾਲੇ ਤੋੜਨ ਦੀ ਕਾਰਵਾਈ ਧਿਰਾਂ ਦੀ ਹਾਜ਼ਰੀ ਵਿੱਚ ਅਤੇ ਵੀਡੀਓ ਗ੍ਰਾਫੀ ਵਿੱਚ ਕੀਤੀ ਗਈ ਅਤੇ ਵੋਟਾਂ ਦੀ ਦੁਬਾਰਾ ਗਿਣਤੀ ਸ਼ੁਰੂ ਕੀਤੀ ਗਈ। ਇਸ ਅਦਾਲਤ ਵਲੋਂ ਵੋਟਾਂ ਦੀ ਗਿਣਤੀ ਸਬੰਧੀ ਕਾਊਟਿੰਗ ਟੀਮ ਦਾ ਗਠਨ ਕੀਤਾ ਗਿਆ। ਜਿਸ ਵਿੱਚ ਸ੍ਰੀ ਸ਼ਮਿੰਦਰ ਸਿੰਘ ਏ.ਡੀ.ਟੀ.ਓ, ਸ੍ਰੀ ਜਗਦੀਪ ਸਿੰਘ ਇੰਸਪੈਕਟਰ ਫੂਡ ਸਪਲਾਈ ਮੋਗਾ, ਸ੍ਰੀ ਗੁਰਲਵਲੀਨ ਸਿੰਘ ਏ.ਡੀ.ਓ ਅਤੇ ਸ੍ਰੀ ਰਣਜੀਤ ਸਿੰਘ ਸੀਨੀ: ਸਹਾਇਕ ਦਫਤਰ ਪਨਸਪ ਮੋਗਾ ਦੀ ਡਿਊਟੀ ਗਿਣਤੀ ਕਰਨ ਲਈ ਲਗਾਈ ਗਈ। ਕਾਊਂਟਿੰਗ ਟੀਮ ਵਲੋਂ ਸਬੰਧਤ ਧਿਰਾਂ ਦੀ ਹਾਜ਼ਰੀ ਵਿੱਚ ਵੀਡੀਓ ਕੈਮਰੇ ਦੀ ਨਿਗਰਾਨੀ ਹੇਠ ਪੂਰੀ ਪਾਰਦਰਸ਼ਤਾ ਨਾਲ ਵੋਟਾਂ ਦੀ ਗਿਣਤੀ ਕੀਤੀ ਗਈ। ਵੋਟਾਂ ਦੀ ਗਿਣਤੀ ਮੁਕੰਮਲ ਹੋਣ ਉਪਰੰਤ ਹੇਠ ਲਿਖੇ ਅਨੁਸਾਰ ਉਮੀਦਵਾਰਾਂ ਦੇ ਨਾਵਾਂ ਦੇ ਸਾਹਮਣੇ ਵੋਟਾਂ ਦੀ ਗਿਣਤੀ ਦਾ ਵੇਰਵਾ ਦਰਜ ਕੀਤਾ ਗਿਆ, ਜਿਸਨੂੰ ਵੱਖਰੀ ਅੰਤਿਕਾ-ਏ ਵਿੱਚ ਦਰਜ ਕਰਕੇ ਮੌਕੇ ਤੇ ਹਾਜ਼ਰ ਧਿਰਾਂ ਪਟੀਸ਼ਨਰ ਅਤੇ ਰਸਪਾਡੈਂਟਸ (ਉਮੀਦਵਾਰਾਂ) ਅਤੇ ਕਾਊਂਟਿੰਗ ਟੀਮ ਨੇ ਸਹੀ ਮੰਨਦੇ ਹੋਏ ਆਪਣੀ ਤਸਦੀਕ ਕੀਤੀ।

| ਲੜੀ ਨੰਬਰ | ਉਮੀਦਵਾਰ ਦਾ ਨਾਮ | ਵੋਟਾਂ ਦੀ ਗਿਣਤੀ ਦਾ ਵੇਰਵਾ |
|---|---|---|
| 1 | ਨਛੱਤਰ ਸਿੰਘ ਪਟੀਸ਼ਨਰ | 547 |
| 2 | ਸੁਖਵੀਰ ਸਿੰਘ ਉਤਰਵਾਦੀ ਨੰਬਰ 1 | 519 |
| 3 | ਕੁਲਦੀਪ ਸਿੰਘ ਉਤਰਵਾਦੀ ਨੰਬਰ 2 | 31 |
| 4 | ਨੋਟਾ | 01 |
| 5 | ਰੱਦ ਹੋਈਆਂ ਵੋਟਾਂ | 42 |
|  | ਕੁਲ ਪੋਲ ਹੋਈਆਂ ਵੋਟਾਂ | 1140 |

ਪ੍ਰੋਜਾਈਡਿੰਗ ਅਫਸਰ,
ਇਲੈਕਸ਼ਨ ਟ੍ਰਿਬਿਊਨਲ
(ਐਸ.ਡੀ.ਐਮ.) ਮੋਗਾ।

ਉਪਰੋਕਤ ਅਨੁਸਾਰ ਵੋਟਾਂ ਦੀ ਗਿਣਤੀ ਦੇ ਵੇਰਵੇ ਟ੍ਰਿਬਿਊਨਲ ਅਦਾਲਤ ਵਲੋਂ ਧਿਰਾਂ ਨੂੰ ਉੱਚੀ ਅਵਾਜ਼ ਵਿੱਚ ਪੜ੍ਹ ਕੇ ਸੁਣਾਏ ਗਏ। ਮੌਕੇ ਪਰ ਕਿਸੇ ਵੀ ਧਿਰ ਵਲੋਂ ਕੋਈ ਇਤਰਾਜ਼ ਨਹੀਂ ਉਠਾਇਆ ਗਿਆ।ਉਕਤ ਗਿਣਤੀ ਦੇ ਵੇਰਵੇ ਅਨੈਕਚਰ-ਏ ਸ਼ਾਮਲ ਹਨ ਜੋ ਇਸ ਹੁਕਮ ਦਾ ਹਿੱਸਾ ਮੰਨਿਆ ਜਾਵੇਗਾ।ਅੰਤ ਵਿੱਚ ਇਸ ਟ੍ਰਿਬਿਊਨਲ ਵਲੋਂ ਅੱਜ ਵੋਟਾਂ ਦੀ ਗਿਣਤੀ ਸਬੰਧੀ ਆਏ ਅੰਕੜਿਆਂ ਦੇ ਅਧਾਰ ਤੇ ਪਟੀਸ਼ਨਰ ਨਛੱਤਰ ਸਿੰਘ ਪੁੱਤਰ ਗੁਰਦਾਸ ਸਿੰਘ ਵਾਸੀ ਪਿੰਡ ਮੱਲੀਆਂ ਵਾਲਾ ਦੀ ਪਟੀਸ਼ਨ ਪ੍ਰਵਾਨ ਕੀਤੀ ਜਾਂਦੀ ਹੈ ਅਤੇ ਪਟੀਸ਼ਨਰ ਨਛੱਤਰ ਸਿੰਘ ਪੁੱਤਰ ਗੁਰਦਾਸ ਸਿੰਘ ਨੂੰ ਜੇਤੂ ਉਮੀਦਵਾਰ ਦਾ ਐਲਾਨ ਕਰਦਾ ਹੈ। ਇਸ ਹੁਕਮ ਦਾ ਇਕ ਉਤਾਰਾ ਪੰਜਾਬ ਰਾਜ ਚੋਣ ਕਮਿਸ਼ਨ (ਪੰਚਾਇਤੀ ਚੋਣਾਂ), ਪੰਜਾਬ, ਚੰਡੀਗੜ੍ਹ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ। ਗਿਣਤੀ ਦੀ ਕਾਰਵਾਈ ਮੁਕੰਮਲ ਹੋਣ ਉਪਰੰਤ ਵੋਟਾਂ ਨਾਲ ਸਬੰਧਤ ਟਰੰਕ ਸੀਲ ਕਰਕੇ ਸਹਾਇਕ ਰਿਟਰਨਿੰਗ ਅਫਸਰ ਦੁਬਾਰਾ ਜਿਲਾ ਖਜ਼ਾਨਾ ਦਫਤਰ ਮੋਗਾ ਵਿਖੇ ਜਮਾਂ ਕਰਵਾਇਆ ਗਿਆ। ਮਿਸਲ ਬਾਦ ਕਾਰਵਾਈ ਤਰਤੀਬ ਵਾ ਤਕਮੀਲ ਦਾਖਲ ਰਿਕਾਰਡ ਰੂਮ ਹੋਵੇ। ਹੁਕਮ ਸੁਣਾਇਆ ਗਿਆ।

ਮਿਤੀ: 01-09-2026

ਪ੍ਰਜ਼ਾਈਡਿੰਗ ਅਫਸਰ,
ਇਲੈਕਸ਼ਨ ਟ੍ਰਿਬਿਊਨਲ-ਕਮ-
ਉਪ ਮੰਡਲ ਮੈਜਿਸਟਰੇਟ,ਮੋਗਾ।

ਪ੍ਰਜਾਈਡਿੰਗ ਅਫਸਰ,
ਇਲੈਕਸ਼ਨ ਟ੍ਰਿਬਿਊਨਲ
(ਐਸ.ਡੀ.ਐਮ.) ਮੋਗਾ।

ਅੰਤਿਕਾ-ੲ

ਇਲੈਕਸ਼ਨ ਪਟੀਸ਼ਨ ਨਛੱਤਰ ਸਿੰਘ ਬਨਾਮ ਸੁਖਵੀਰ ਸਿੰਘ ਵਗੈਰਾ ਸਰਪੰਚ ਗ੍ਰਾਮ ਪੰਚਾਇਤ ਪਿੰਡ ਮੱਲੀਆਂ ਵਾਲਾ।

ਅੱਜ ਮਿਤੀ 01-09-2026 ਨੂੰ ਸਰਪੰਚ ਗ੍ਰਾਮ ਪੰਚਾਇਤ ਮੱਲੀਆਂ ਵਾਲਾ ਦੀਆਂ ਵੋਟਾਂ ਦੀ ਦੁਬਾਰਾ ਗਿਣਤੀ ਇਸ ਅਦਾਲਤ ਵਿੱਚ ਕੀਤੀ ਗਈ। ਗਿਣਤੀ ਦੌਰਾਨ ਉਮੀਦਵਾਰਾਂ ਦੇ ਹੱਕ ਵਿੱਚ ਹੇਠ ਲਿਖੇ ਅਨੁਸਾਰ ਵੋਟਾਂ ਦਾ ਵੇਰਵਾ ਦਰਜ ਕੀਤਾ ਗਿਆ।

| ਲੜੀ ਨੰਬਰ | ਉਮੀਦਵਾਰ ਦਾ ਨਾਮ | ਵੋਟਾਂ ਦੀ ਗਿਣਤੀ ਦਾ ਵੇਰਵਾ |
|---|---|---|
| 1 | ਨਛੱਤਰ ਸਿੰਘ ਪਟੀਸ਼ਨਰ | 547 |
| 2 | ਸੁਖਵੀਰ ਸਿੰਘ ਉੱਤਰਵਾਦੀ ਨੰਬਰ 1 | 519 |
| 3 | ਕੁਲਦੀਪ ਸਿੰਘ ਉੱਤਰਵਾਦੀ ਨੰਬਰ 2 | 031 |
| 4 | ਨੋਟਾ | 01 |
| 5 | ਰੱਦ ਹੋਈਆਂ ਵੋਟਾਂ | 42 |

ਕੁੱਲ ਜੋੜ- 1140

ਹਸਤਾਖਰ ਪਟੀਸ਼ਨਰ ਅਤੇ ਉੱਤਰਵਾਦੀ ਧਿਰ

Singh (ਕੁਲਦੀਪ ਸਿੰਘ)

Nachhattar Singh (ਨਛੱਤਰ ਸਿੰਘ)

Sukhvir Singh (ਸੁਖਵੀਰ ਸਿੰਘ)

ਹਸਤਾਖਰ ਗਿਣਤੀਕਾਰ ਸਟਾਫ

01/09/2026

01.9.2026

01/09/2026

1/9/26

**ਪ੍ਰੋਜਾਈਡਿੰਗ ਅਫਸਰ,**
ਇਲੈਕਸ਼ਨ ਟ੍ਰਿਬਿਊਨਲ
(ਐਸ.ਡੀ.ਐਮ.) ਮੋਗਾ ।